


Khalistan Affairs Centre
956-National Press Building
Washington, DC
20045
Ph: 202-637-9210
Fax: 202-637-9211
Email: kacwashdc@yahoo.com
www.khalistan-affairs.org


# ਖਾਲਿਸਤਾਨ ਕਾਲਿੰਗ

## ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ. ਸੀ. ਦੀ ਕਲਮ ਤੋਂ

---

## ਚੀਨ, ਸਿੱਖਾਂ ਲਈ ਅਜ਼ਾਦ ਦੇਸ਼ 'ਖਾਲਿਸਤਾਨ' ਅਤੇ ਨਾਗਿਆਂ ਲਈ 'ਨਾਗਾਲਿਮ' ਦੀ ਹਮਾਇਤ ਕਰਕੇ, ਤਿੱਬਤ ਮਸਲੇ ਦਾ ਹੱਲ ਕੱਢ ਸਕਦਾ ਹੈ!

## ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡਿਜ਼ ਵਲੋਂ ਉਲੰਪਿਕ ਮਸ਼ਾਲ ਨੂੰ ਭਾਰਤ ਵਿੱਚ 'ਰੋਕਣ' ਦਾ ਸੱਦਾ!

## ਸਾਬਕਾ ਰਾਜਦੂਤ ਕੰਵਲ ਸਿੱਬਲ ਨੇ 'ਤਿੱਬਤ ਕਾਰਡ' ਵਰਤ ਕੇ ਚੀਨ ਨਾਲ ਸੀਮਾ-ਵਿਵਾਦ ਹੱਲ ਕਰਨ ਦਾ ਸੁਝਾਅ ਦਿੱਤਾ!

## 'ਦਲਾਈਲਾਮਾ ਭਾਰਤ ਵਿੱਚ 'ਮਹਿਮਾਨ' ਬਣ ਕੇ ਰਹੇ, ਚੀਨ ਵਿਰੋਧੀ ਕਾਰਵਾਈਆਂ ਤੋਂ ਗੁਰੇਜ਼ ਕਰੇ - ਪ੍ਰਣਾਬ ਮੁਖਰਜੀ, ਵਿਦੇਸ਼ ਮੰਤਰੀ'

## ਦਲਾਈਲਾਮੇ ਨੇ ਜੂਨ-1984 ਵਿੱਚ ਸ੍ਰੀ ਅਕਾਲ ਤਖਤ ਸਾਹਿਬ 'ਤੇ ਕੀਤੇ ਗਏ ਭਾਰਤੀ ਫੌਜੀ ਹਮਲੇ, ਨਵੰਬਰ 1984 ਦੇ ਸਿੱਖ ਕਤਲੇਆਮ ਅਤੇ ਉਸ ਤੋਂ ਬਾਅਦ ਦੀ ਸਿੱਖ ਨਸਲਕੁਸ਼ੀ ਸਬੰਧੀ ਕਦੇ ਜ਼ੁਬਾਨ ਨਹੀਂ ਖੋਲ੍ਹੀ!

ਵਾਸ਼ਿੰਗਟਨ (ਡੀ. ਸੀ.) 2 ਅਪ੍ਰੈਲ, 2008 – ਤਿੱਬਤ ਦਾ ਮਸਲਾ ਪੂਰੀ ਤਰ੍ਹਾਂ ਅੰਤਰਰਾਸ਼ਟਰੀ 'ਮੀਡੀਆ ਮੰਡੀ' ਵਿੱਚ ਛਾਇਆ ਹੋਇਆ ਹੈ। ਜਰਮਨ ਦੀ ਚਾਂਸਲਰ ਨੇ ਉਲੰਪਿਕਸ ਦੇ 'ਉਦਘਾਟਨੀ ਸਮਾਗਮ' ਦੇ ਬਾਈਕਾਟ ਦਾ ਐਲਾਨ ਕੀਤਾ ਹੈ ਜਦੋਂਕਿ ਫਰਾਂਸ ਵੀ ਇਨ੍ਹਾਂ ਲਾਈਨਾਂ 'ਤੇ ਸੋਚ ਰਿਹਾ ਹੈ। ਅਮਰੀਕਾ ਨੇ ਫੇਰ ਚੀਨ ਨੂੰ ਕਿਹਾ ਹੈ ਕਿ ਉਹ ਦਲਾਈਲਾਮੇ ਨਾਲ ਗੱਲਬਾਤ ਕਰੇ। ਸਿੱਕਮ ਮੂਲ ਦੇ ਭਾਰਤੀ ਫੁੱਟਬਾਲ ਟੀਮ ਦੇ ਕਪਤਾਨ ਨੇ ਕਿਹਾ ਹੈ ਕਿ ਉਹ ਦਿੱਲੀ ਵਿੱਚ ਉਲੰਪਿਕ ਮਸ਼ਾਲ ਲੈ ਕੇ ਨਹੀਂ ਦੌੜੇਗਾ ਕਿਉਂਕਿ ਬੁੱਧ ਧਰਮ ਦਾ ਅਨੁਯਾਈ ਹੋਣ ਕਰਕੇ ਉਹ ਤਿੱਬਤ ਦੇ ਕਾਜ਼ ਨਾਲ ਹਮਦਰਦੀ ਰੱਖਦਾ ਹੈ। ਇਸ ਤੋਂ ਇਲਾਵਾ ਥਾਂ-ਥਾਂ ਵਿਖਾਵਿਆਂ ਦਾ ਸਿਲਸਿਲਾ ਵੀ ਜਾਰੀ ਹੈ। ਭਾਰਤ ਦੀ ਸਰਕਾਰ ਅਤੇ ਉਸ ਦਾ ਖੁਫੀਆ-ਤੰਤਰ ਕਿਵੇਂ ਇਸ ਸਾਰੇ ਮਸਲੇ ਨੂੰ 'ਤਰਤੀਬ' ਦੇ ਰਿਹਾ ਹੈ, ਇਸ ਬਾਰੇ ਚੀਨ ਨੂੰ ਕੋਈ ਸ਼ੱਕ-ਸ਼ੁਭਾ ਨਹੀਂ ਹੈ। ਇਹ ਹੀ ਕਾਰਨ ਹੈ ਕਿ ਚੀਨ ਨੇ ਭਾਰਤ ਦੇ ਉੱਪਰ ਪੂਰਾ 'ਕੂਟਨੀਤਕ ਦਬਾਅ' ਬਣਾਇਆ ਹੋਇਆ ਹੈ। ਚੀਨ ਦੇ ਸਟੇਟ ਕੌਂਸਲਰ ਡਾਈ ਬਿਗੋਓ ਨੇ, ਭਾਰਤ ਦੇ ਸੁਰੱਖਿਆ ਸਲਾਹਕਾਰ ਆਰ. ਕੇ. ਨਰਾਇਨਨ ਨਾਲ ਫੋਨ ਤੇ ਗੱਲਬਾਤ ਕੀਤੀ, ਜਿਸ ਵਿੱਚ ਨਰਾਇਨਣ ਨੇ ਕਿਹਾ ਕਿ 'ਭਾਰਤ ਦੀ ਤਿੱਬਤ ਸਬੰਧੀ ਨੀਤੀ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਤਿੱਬਤ ਨੂੰ ਚੀਨ ਦਾ ਹਿੱਸਾ ਮੰਨਦਾ ਹੈ।' ਭਾਰਤ ਦੇ ਵਿਦੇਸ਼ ਮੰਤਰੀ ਪ੍ਰਣਾਬ ਮੁਖਰਜੀ ਨੇ ਇੱਕ ਸਪੱਸ਼ਟ ਬਿਆਨ ਵਿੱਚ ਦਲਾਈਲਾਮੇ ਨੂੰ ਸਲਾਹ ਦਿੱਤੀ ਹੈ ਕਿ ਉਹ ਭਾਰਤ ਵਿੱਚ ਇੱਕ 'ਮਹਿਮਾਨ' ਦੇ ਤੌਰ 'ਤੇ ਰਹਿ ਰਿਹਾ ਹੈ, ਇਸ ਲਈ ਉਹ ਭਾਰਤ ਦੀ ਧਰਤੀ ਤੋਂ ਕੋਈ ਚੀਨ ਵਿਰੋਧੀ ਕਾਰਵਾਈਆਂ ਨਾ ਕਰੇ। ਭਾਰਤ ਸਰਕਾਰ ਦੀ ਬਿਆਨਬਾਜ਼ੀ ਉੱਤੇ 'ਮੱਚਲਾ ਜੱਟ ਖੁਦਾ ਨੂੰ ਲੈ ਗਏ ਚੋਰ' ਅਖਾਣ ਬਿਲਕੁਲ ਠੀਕ ਢੁਕਦੀ ਹੈ। ਚੀਨ, ਹਰ ਹਾਲਤ ਵਿੱਚ ਉਲੰਪਿਕਸ ਨੂੰ 'ਸ਼ਾਂਤਮਈ ਅਤੇ ਸ਼ਾਨਮਈ ਢੰਗ ਨਾਲ ਨਿਪਟਾਣਾ ਚਾਹੁੰਦਾ ਹੈ, ਇਸ ਲਈ ਉਹ ਕਿਸੇ ਵੀ ਸਥਿਤੀ 'ਚ ਭਾਰਤ ਪ੍ਰਤੀ 'ਤਿੱਖਾ ਪ੍ਰਤੀਕਰਮ' ਦੇਣ ਤੋਂ ਗੁਰੇਜ਼ ਕਰ ਰਿਹਾ ਹੈ ਪਰ ਦਲਾਈਲਾਮੇ ਨੂੰ ਉਹ ਕਰੜੇ ਹੱਥੀਂ ਲੈ ਰਿਹਾ ਹੈ। ਇਸੇ ਰੌਸ਼ਨੀ ਵਿੱਚ, ਦਿੱਲੀ ਵਿੱਚ ਚੀਨ ਦੇ ਰਾਜਦੂਤ ਨੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਰਾਜਨਾਥ ਸਿੰਘ ਨਾਲ ਵੀ ਮੁਲਾਕਾਤ ਕੀਤੀ ਹੈ ਅਤੇ ਆਪਣੀ 'ਤਿੱਬਤ ਨੀਤੀ' ਦੀ ਹਮਾਇਤ ਮੰਗੀ ਹੈ।

ਭਾਰਤੀ ਚਾਲਬਾਜ਼ਾਂ ਨੇ ਕਈ ਪਾਸਿਓਂ 'ਫਰੇਬ ਜਾਲ' ਵਿਛਾਇਆ ਹੋਇਆ ਹੈ। ਭਾਰਤ ਦੇ ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੀਜ਼ ਨੇ ਸੀ. ਐਨ. ਐਨ. ਦੇ ਕਰਣ ਥਾਪਰ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ ਹੈ ਕਿ "ਉਲੰਪਿਕ ਟਾਰਚ ਨੂੰ ਭਾਰਤ ਵਿੱਚ ਨਹੀਂ ਆਉਣ ਦਿੱਤਾ ਜਾਵੇਗਾ। ਮੈਂ ਆਪਣੇ ਸਾਥੀਆਂ ਅਤੇ ਹੋਰ ਲੋਕਾਂ ਨੂੰ ਸੱਦਾ ਦੇਂਦਾ ਹਾਂ ਕਿ ਉਲੰਪਿਕ ਟਾਰਚ ਨੂੰ ਰੋਕਣ ਲਈ 'ਜੋ ਕੁਝ' ਵੀ ਕੀਤਾ ਜਾ ਸਕਦਾ ਹੈ ਕੀਤਾ ਜਾਏ.....।" ਜ਼ਾਹਰ ਹੈ ਕਿ 'ਜੋ ਕੁਝ' ਦਾ ਮਤਲਬ 'ਉਹ ਕੁਝ' ਹੀ ਹੈ, ਜੋ ਤਿੱਬਤੀਆਂ ਨੇ ਲਹਾਸਾ (ਤਿੱਬਤ ਦੀ ਰਾਜਧਾਨੀ) ਅਤੇ ਹੋਰ ਥਾਵਾਂ 'ਤੇ 'ਹਿੰਸਕ ਵਿਖਾਵਿਆਂ' ਰਾਹੀਂ ਕੀਤਾ ਹੈ।

ਭਾਰਤ ਦੇ ਇੱਕ ਹੋਰ ਸਾਬਕਾ ਰਾਜਦੂਤ ਅਤੇ ਵਿਦੇਸ਼ ਸਕੱਤਰ ਕੰਵਲ ਸਿੱਬਲ ਨੇ ਭਾਰਤ ਸਰਕਾਰ ਨੂੰ ਸਲਾਹ ਦਿੱਤੀ ਹੈ ਕਿ ਉਹ ਦਲਾਈਲਾਮੇ ਨਾਲ 1959 ਦੀ ਸੰਧੀ ਨੂੰ ਖਾਰਜ ਕਰਕੇ ਚੀਨ ਦੇ ਖਿਲਾਫ 'ਤਿੱਬਤ ਕਾਰਡ' ਨੂੰ ਨੰਗੇ ਧੜੇ ਖੇਡੇ। 1959 ਦੀ ਸੰਧੀ ਅਨੁਸਾਰ ਦਲਾਈਲਾਮਾ ਭਾਰਤ ਵਿੱਚ 'ਮਹਿਮਾਨ' ਦੇ ਤੌਰ 'ਤੇ ਰਹਿ ਤਾਂ ਸਕਦਾ ਹੈ ਪਰ ਕੋਈ 'ਰਾਜਸੀ ਗਤੀਵਿਧੀਆਂ' ਨਹੀਂ ਕਰ ਸਕਦਾ। 'ਆਊਟਲੁੱਕ' ਮੈਗਜ਼ੀਨ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕੰਵਲ ਸਿੱਬਲ ਨੇ ਕਿਹਾ -'ਜਦੋਂ ਤੱਕ ਚੀਨ ਨੂੰ ਝਟਕਾ ਨਹੀਂ ਦਿੱਤਾ ਜਾਂਦਾ, ਚੀਨ ਸਾਡੇ ਨਾਲ ਗੰਭੀਰਤਾ ਨਾਲ ਪੇਸ਼ ਨਹੀਂ ਆਵੇਗਾ। ਚੀਨ ਨਾਲ ਆਪਣੀਆਂ ਸੀਮਾਵਾਂ ਦਾ ਫੈਸਲਾ ਕਰਨ ਲਈ (ਸਮੇਤ ਅਰੁਣਾਚਲ ਪ੍ਰਦੇਸ਼ ਦੇ) ਸਾਨੂੰ ਤਿੱਬਤ ਕਾਰਡ ਜ਼ੋਰਦਾਰ ਤਰੀਕੇ ਨਾਲ ਖੇਡਣਾ ਚਾਹੀਦਾ ਹੈ।'

ਅਸੀਂ ਤਿੱਬਤ ਦੇ ਲੋਕਾਂ, ਉਹਨਾਂ ਦੇ ਧਰਮ, ਬੋਲੀ, ਪ੍ਰੰਪਰਾਵਾਂ ਆਦਿ ਦੀ ਕਦਰ ਕਰਦੇ ਹਾਂ ਅਤੇ ਉਹਨਾਂ ਦੇ ਆਜ਼ਾਦੀ ਨਾਲ ਜਿਊਣ ਦੇ ਹੱਕ ਪ੍ਰਤੀ ਹਮਦਰਦੀ ਰੱਖਦੇ ਹਾਂ ਪਰ ਉਹਨਾਂ ਦਾ ਧਾਰਮਿਕ ਅਤੇ ਰਾਜਸੀ ਆਗੂ ਦਲਾਈਲਾਮਾ ਅੰਤਰਰਾਸ਼ਟਰੀ ਸਿਆਸਤ (ਅਮਰੀਕਾ-ਭਾਰਤ) ਦੇ ਇੱਕ ਮੋਹਰੇ ਵਜੋਂ ਵਰਤਿਆ ਜਾ ਰਿਹਾ ਹੈ, ਇਸ ਲਈ ਪਿਛਲੇ 49 ਸਾਲਾਂ ਵਿੱਚ (1959 ਤੋਂ 2008) ਗੱਲ ਕਿਸੇ ਕੰਢੇ ਨਹੀਂ ਲੱਗੀ। 26 ਮਿਲੀਅਨ ਸਿੱਖਾਂ ਨੂੰ ਦਲਾਈਲਾਮੇ ਪ੍ਰਤੀ ਇਹ ਗਿਲਾ ਵੀ ਹੈ ਕਿ ਜੂਨ-1984, ਨਵੰਬਰ-1984 ਅਤੇ ਉਸ ਤੋਂ ਬਾਅਦ ਦੇ ਵਰ੍ਹਿਆਂ ਵਿੱਚ ਭਾਰਤ ਸਰਕਾਰ ਵਲੋਂ ਕੀਤੀ ਗਈ ਸਿੱਖ ਨਸਲਕੁਸ਼ੀ ਸਬੰਧੀ ਉਸਨੇ ਕਦੀ ਇੱਕ ਸ਼ਬਦ ਵੀ ਮੂੰਹੋਂ ਨਹੀਂ ਕੱਢਿਆ। 1959 ਵਿੱਚ ਉਸਨੂੰ ਸੂਬਾ ਪੰਜਾਬ ਦੇ ਸ਼ਹਿਰ ਧਰਮਸਾਲਾ (ਜ਼ਿਲ੍ਹਾ ਕਾਂਗੜਾ) ਵਿੱਚ ਹਜ਼ਾਰਾਂ ਤਿੱਬਤੀਆਂ ਸਮੇਤ 'ਠਾਹਰ' ਦਿੱਤੀ ਗਈ ਸੀ ਅਤੇ ਸਿੱਖਾਂ ਨੇ ਉਸਦਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਸੀ। 1969 ਵਿੱਚ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦੀ ਪੰਜਵੀਂ ਸ਼ਤਾਬਦੀ ਸਮੇਂ, ਉਸਨੂੰ ਵਿਸ਼ੇਸ਼ ਤੌਰ 'ਤੇ ਸ੍ਰੀ ਅੰਮ੍ਰਿਤਸਰ ਵਿੱਚ ਸੱਦ ਕੇ ਸਨਮਾਨਿਤ ਕੀਤਾ ਗਿਆ ਸੀ। ਧਰਮਸਾਲਾ, ਸ੍ਰੀ ਅੰਮ੍ਰਿਤਸਰ ਤੋਂ ਸਿਰਫ 100 ਮੀਲ ਦੇ ਲਗਭਗ ਦੂਰ ਹੈ। ਉਸਨੂੰ ਜੂਨ-1984 ਵਿੱਚ, ਅੰਮ੍ਰਿਤਸਰ ਵਿੱਚ ਟੈਂਕਾਂ-ਤੋਪਾਂ ਦੀ ਅਵਾਜ਼ ਸੁਣਾਈ ਕਿਉਂ ਨਹੀਂ ਦਿੱਤੀ? ਹਜ਼ਾਰਾਂ ਬੇਗੁਨਾਹ ਸਿੱਖਾਂ ਦੇ ਕੁਚਲੇ ਗਏ ਵਜੂਦ, ਉਹਦੀ ਨਜ਼ਰੀਂ ਕਿਉਂ ਨਹੀਂ ਪਏ? ਹਜ਼ਾਰਾਂ ਮੀਲ ਦੂਰ ਵੈਟੀਕਨ (ਇਟਲੀ) ਵਿੱਚ ਬੈਠੇ ਪੋਪ ਨੇ ਤਾਂ ਭਾਰਤ ਸਰਕਾਰ ਦੀ ਕਾਰਵਾਈ ਨੂੰ ਨਿੰਦਿਆ ਪਰ ਅਹਿੰਸਾ ਦੇ ਪੁਜਾਰੀ, ਦਲਾਈਲਾਮੇ ਨੂੰ ਇਹ 'ਸਿੱਖ ਵਿਰੋਧੀ ਹਿੰਸਾ' ਕਿਉਂ ਨਹੀਂ ਨਜ਼ਰ ਆਈ? ਸੋ ਜ਼ਾਹਰ ਹੈ ਕਿ ਦਲਾਈਲਾਮਾ, ਇੱਕ ਸੱਚਮੁੱਚ ਦਾ ਆਤਮਿਕ ਅਤੇ ਮਨੁੱਖੀ ਹੱਕਾਂ ਦਾ ਰਾਖਾ, ਅਹਿੰਸਕ ਲਾਮਾ ਨਾ ਹੋ ਕੇ, ਭਾਰਤ ਦਾ ਹੱਥਠੋਕਾ ਹੀ ਬਣਿਆ ਹੋਇਆ ਹੈ। ਤਿੱਬਤੀਆਂ ਦੀਆਂ ਸੰਸਾਰ-ਪੱਧਰ ਦੀਆਂ ਹਿੰਸਕ ਕਾਰਵਾਈਆਂ ਨੂੰ ਭਾਰਤੀ ਖੁਫੀਆ ਏਜੰਸੀਆਂ ਹੋਰ ਵਿਦੇਸ਼ੀ ਸ਼ਕਤੀਆਂ ਦੀ ਮਦਦ ਨਾਲ ਨੇਪਰੇ ਚਾੜ੍ਹ ਰਹੀਆਂ ਹਨ।

ਅਸੀਂ ਸਮਝਦੇ ਹਾਂ ਕਿ ਜੇ ਚੀਨ, ਤਿੱਬਤ ਸਮੇਤ ਭਾਰਤ ਨਾਲ ਚਲਦੇ ਮਸਲਿਆਂ ਨੂੰ ਹੱਲ ਕਰਨਾ ਚਾਹੁੰਦਾ ਹੈ ਤਾਂ ਉਸਨੂੰ 'ਖਾਲਿਸਤਾਨ' ਤੇ ਨਾਗਾਦੇਸ਼ – ਨਾਗਾਲਿਮ ਦੀ ਉਵੇਂ ਹੀ ਮੱਦਦ ਕਰਨੀ ਚਾਹੀਦੀ ਹੈ ਜਿਵੇਂ ਕਿ ਭਾਰਤ ਤਿੱਬਤ ਦੀ ਕਰ ਰਿਹਾ ਹੈ। ਇਸ 'ਹਮਾਇਤ ਦੀ ਲਹਿਰ' ਨਾਲ ਭਾਰਤੀ ਨਕਸ਼ੇ ਵਿੱਚ ਕੈਦ, ਸਿੱਖ, ਨਾਗੇ, ਕਸ਼ਮੀਰੀ, ਅਸਾਮੀ, ਮਣੀਪੁਰੀ ਆਦਿ ਕੌਮੀਅਤਾਂ ਦਾ ਕੇਸ ਵੀ ਅੰਤਰਰਾਸ਼ਟਰੀ ਕਚਹਿਰੀ ਵਿੱਚ ਉਵੇਂ ਹੀ ਆਵੇਗਾ ਜਿਵੇਂ ਕਿ ਭਾਰਤ ਨੇ ਤਿੱਬਤ ਦੇ ਕੇਸ ਨੂੰ ਉਭਾਰਿਆ ਹੈ। ਇਸ ਨਾਲ 'ਭਾਰਤੀ ਲੋਕਤੰਤਰ' ਦੀ ਅਸਲੀਅਤ ਦਾ ਭਾਂਡਾ ਵੀ ਸ਼ਰੇ–ਬਜ਼ਾਰ ਭੱਜੇਗਾ। ਕਦੇ 1842 ਵਿੱਚ ਚੀਨ ਦੇ ਬਾਦਸ਼ਾਹ, ਸਰਕਾਰ–ਏ–ਖਾਲਸਾ ਜੀਓ ਅਤੇ ਤਿੱਬਤ ਦੇ ਦਲਾਈਲਾਮੇ ਵਿਚਕਾਰ 'ਤ੍ਰੈਪੱਖੀ ਸੰਧੀ' ਹੋਈ ਸੀ, ਜਿਸ ਅਨੁਸਾਰ ਤਿੱਬਤ ਨੂੰ ਚੀਨ ਅਤੇ ਸਿੱਖ ਰਾਜ ਵਿਚਕਾਰ ਇੱਕ 'ਮਿੱਤਰਤਾ ਦੀ ਕੜੀ' ਵਾਲਾ ਦਰਜਾ ਮਿਲਿਆ ਸੀ। ਲੱਦਾਖ (ਛੋਟਾ ਤਿੱਬਤ) ਸਦਾ ਵਾਸਤੇ ਖਾਲਸਾ ਰਾਜ ਦਾ ਹਿੱਸਾ ਬਣ ਗਿਆ ਸੀ। 26 ਮਿਲੀਅਨ ਸਿੱਖ ਕੌਮ ਚੀਨ ਵਲੋਂ ਖਾਲਿਸਤਾਨ ਦੇ ਹੱਕ ਵਿੱਚ ਉਠਾਈ ਗਈ ਕਿਸੇ ਵੀ ਅਵਾਜ਼ ਲਈ ਹਮੇਸ਼ਾਂ ਸ਼ੁਕਰਗੁਜ਼ਾਰ ਹੋਵੇਗੀ। ਨਾਲ ਹੀ ਅਸੀਂ ਉਸ ਦਿਨ ਦੀ ਕਾਮਨਾ ਵੀ ਕਰਦੇ ਹਾਂ ਜਦੋਂ ਕਿ ਖਾਲਿਸਤਾਨ ਦੇ ਸ਼ਹਿਰੀ ਅਤੇ ਚੀਨ ਦੇ ਸ਼ਹਿਰੀ 'ਪੱਕੇ ਗਵਾਂਢੀ' ਬਣ ਸਕਣਗੇ ? ਜੇ 1842 ਵਿੱਚ ਇਵੇਂ ਸੰਭਵ ਹੋ ਸਕਿਆ ਸੀ ਤਾਂ 2008 ਵਿੱਚ ਵੀ ਇਹ ਹੋ ਸਕਣਾ ਸੰਭਵ ਹੈ। ਕੀ ਚੀਨ ਦੇ ਨੀਤੀ–ਘਾੜੇ ਇਸ 'ਪੇਸ਼ਕਸ਼' ਦੀ ਗੰਭੀਰਤਾ ਨਾਲ ਚੀਰ–ਫਾੜ ਕਰਨਗੇ ? ਭਾਰਤ ਵਲੋਂ ਚੀਨ ਨੂੰ 'ਚੰਬੇੜੀਆਂ' ਸਾਰੀਆਂ ਬਿਮਾਰੀਆਂ ਦਾ ਵੀ ਇਹ ਇੱਕੋ ਇੱਕ ਸ਼ਰਤੀਆ ਇਲਾਜ ਹੈ!!

ਖਾਲਿਸਤਾਨ – ਜ਼ਿੰਦਾਬਾਦ!!